## ਬਿਮਾਰੀ ਵੀ ਕਰਤੇ ਦੇ ਹੁਕਮ ਵਿਚ ਹੈ:

ਗਉੜੀ ਬੈਰਾਗਣਿ ਮਹਲਾ ੪ ॥
ਜਿਉ ਜਨਨੀ ਸੁਤੁ ਜਣਿ ਪਾਲਤੀ ਰਾਖੈ ਨਦਰਿ ਮਝਾਰਿ ॥
ਅੰਤਰਿ ਬਾਹਰਿ ਮੁਖਿ ਦੇ ਗਿਰਾਸੁ ਖਿਨੁ ਖਿਨੁ ਪੋਚਾਰਿ ॥
ਤਿਉ ਸਤਿਗੁਰੁ ਗੁਰਸਿਖ ਰਾਖਤਾ ਹਰਿ ਪ੍ਰੀਤਿ ਪਿਆਰਿ ॥੧॥

ਇਹ ਸ਼ਬਦ ਸ੍ਰੀ ਗੁਰੂ ਰਾਮਦਾਸ ਸਾਹਿਬ ਦਾ ਗਉੜੀ ਰਾਗ ਦੇ ਉਪਰਾਗ ਗਉੜੀ ਬੈਰਾਗਣਿ ਵਿਚ ਉਚਾਰਣ ਕੀਤਾ ਹੈ। ਇਹ ਰਾਗ ਆਪਣੇ ਆਪ ਵਿਚ ਸੰਪੂਰਣ ਰਾਗ ਹੈ।

ਇਸ ਸ਼ਬਦ ਵਿਚ ਮਹਾਰਾਜ ਅਕਾਲ ਪੁਰਖ ਦੀ ਸਿਫ਼ਤ ਕਰਦੇ ਹੋਏ ਫ਼ੁਰਮਾਣ ਕਰਦੇ ਹਨ ਕਿ ਜਿਵੇਂ ਮਾਤਾ ਆਪਣੇ ਪੁਤਰ ਨੂੰ ਜਨਮ ਦੇ ਕੇ, ਉਸ ਨੂੰ ਹਮੇਸ਼ਾਂ ਲਈ ਆਪਣੀ ਨਜ਼ਰ ਥਲੇ ਰਖ ਕੇ ਪਾਲਦੀ ਹੈ, ਘਰ ਅੰਦਰ ਤੇ ਬਾਹਰ ਹਰ ਖਿੰਨ ਉਸ ਨੂੰ ਪੁਚਕਾਰਦੀ ਹੋਈ ਉਸ ਦੇ ਮੂੰਹ ਵਿਚ ਗਰਾਹੀਆਂ ਪਾਉਂਦੀ ਹੈ, ਇਸੇ ਤਰ੍ਹਾਂ ਸਚਾ ਗੁਰੂ ਹਮੇਸ਼ਾਂ ਆਪਣੇ ਸਿਖ ਨੂੰ ਪ੍ਰਭੂ ਦਾ ਪ੍ਰੇਮ ਦੇ ਕੇ ਹਰ ਤਰ੍ਹਾਂ ਨਾਲ ਉਸ ਦੀ ਰਖਿਆ ਕਰਦਾ ਹੈ।੧।

ਸ੍ਰੀ ਗੁਰੂ ਰਾਮਦਾਸ ਸਾਹਿਬ ੧੬੪ ਪੰਨੇ ਤੇ ਅਜਿਹਾ ਹੀ ਬਚਨ ਕਰਦੇ ਹਨ ਕਿ ਜਿਵੇਂ ਮਾਤਾ ਆਪਣੇ ਪੁਤਰ ਨੂੰ ਖੁਆ ਕੇ ਖੁਸ਼ ਹੁੰਦੀ ਹੈ.... ਇਸੇ ਤਰ੍ਹਾਂ ਗੁਰੂ ਵੀ ਆਪਣੇ ਸਿਖ ਦੀ ਪ੍ਰਤਿਪਾਲਣਾ ਕਰ ਕੇ ਖੁਸ਼ ਹੁੰਦਾ ਹੈ – 'ਮਾਤਾ ਪ੍ਰੀਤ ਕਰੇ ਪੁਤੁ ਖਾਇ।।... ਸਤਿਗੁਰ ਪ੍ਰੀਤ ਗੁਰਸਿਖ ਮੁਖਿ ਪਾਇ।।...'

# ਮੇਰੇ ਰਾਮ ਹਮ ਬਾਰਿਕ ਹਰਿ ਪ੍ਰਭ ਕੇ ਹੈ ਇਆਣੇ ॥
# ਧੰਨੁ ਧੰਨੁ ਗੁਰੂ ਗੁਰੁ ਸਤਿਗੁਰੁ ਪਾਧਾ ਜਿਨਿ ਹਰਿ ਉਪਦੇਸੁ ਦੇ ਕੀਏ ਸਿਆਣੇ ॥੧॥ ਰਹਾਉ ॥

ਹੇ ਮੇਰੇ ਵਾਹਗੁਰੂ ! ਅਸੀਂ ਹਰੀ, ਵਾਹਗੁਰੂ ਦੇ ਅਣਜਾਣ ਬਚੇ ਹਾਂ। ਧੰਨ ਹੈ, ਧੰਨ ਹੈ ਉਹ ਗੁਰੂ, ਉਹ ਗੁਰੂ, ਉਹ ਸਚਾ ਗੁਰੂ, ਜਿਸਨੇ ਗੁਰ ਉਪਦੇਸ ਸੁਣਾ ਕੇ, ਗੁਰ ਮੰਤਰ ਦੇ ਕੇ, ਭਾਵ ਸਿਮਰਨ ਦੇ ਲੜ ਲਗਾ ਕੇ ਸਾਨੂੰ ਸਮਝਦਾਰ ਬਣਾ ਦਿਤਾ ਹੈ।੧।ਰਹਾਉ। ਗੁਰਬਾਣੀ ਅਨੁਸਾਰ ਸਿਆਣਾ ਵੀ ਉਹੀ ਹੈ, ਵਿਦਵਾਨ ਵੀ ਉਹੀ ਹੈ, ਸੂਰਮਾ ਵੀ ਉਹੀ ਹੈ ਜੋ ਸਾਧੂ ਦੀ ਸੰਗਤਿ ਕਰਦਿਆਂ ਹੋਇਆਂ ਵਾਹਗੁਰੂ ਵਾਹਗੁਰੂ (ਹਰਿ ਹਰਿ) ਨਾਮ ਜਪਦਾ ਹੈ – 'ਸੋਈ ਚਤੁਰੁ ਸਿਆਣਾ ਪੰਡਿਤੁ ਸੋ ਸੂਰਾ ਸੋ ਦਾਨਾਂ।। ਸਾਧ ਸੰਗਿ ਜਿਨਿ ਹਰਿ ਹਰਿ ਜਪਿਓ ਨਾਨਕ ਸੋ ਪਰਵਾਨਾ।।'
ਜੋ ਵਾਹਗੁਰੂ ਦਾ ਨਾਮ ਨਹੀਂ ਜਪਦਾ ਅਤੇ ਨਾਮ ਵਿਸਾਰ ਕੇ ਦੂਜੀ, ਭਾਵ ਮਾਇਆ-ਮੋਹ, ਵਿਚ ਗ੍ਰਸਤ ਹੈ, ਉਹ ਮੂਰਖ ਗਿਣਿਆ ਗਿਆ ਹੈ ਅਤੇ ਸਜ਼ਾ ਦਾ ਭਾਗੀ ਹੈ, ਜਿਵੇਂ ਕਿ ੮੫ ਪੰਨੇ ਤੇ ਸ੍ਰੀ ਗੁਰੂ ਅਮਰਦਾਸ ਸਾਹਿਬ ਦਾ ਫ਼ੁਰਮਾਣ ਹੈ – 'ਦੂਜੈ ਭਾਇ ਹਰਿ ਨਾਮੁ ਵਿਸਾਰਿਆ ਮਨ ਮੂਰਖ ਮਿਲੈ ਸਜਾਇ।।'

ਜੈਸੀ ਗਗਨਿ ਫਿਰੰਤੀ ਊਡਤੀ ਕਪਰੇ ਬਾਗੇ ਵਾਲੀ ॥
ਓਹ ਰਾਖੈ ਚੀਤੁ ਪੀਛੈ ਬਿਚਿ ਬਚਰੇ ਨਿਤ ਹਿਰਦੈ ਸਾਰਿ ਸਮਾਲੀ ॥
ਤਿਉ ਸਤਿਗੁਰ ਸਿਖ ਪ੍ਰੀਤਿ ਹਰਿ ਹਰਿ ਕੀ ਗੁਰੁ ਸਿਖ ਰਖੈ ਜੀਅ ਨਾਲੀ ॥੨॥

ਜਿਵੇਂ ਚਿਟੇ ਕਪੜਿਆਂ ਵਾਲੀ ਕੂੰਜ ਅਸਮਾਨ ਵਿਚ ਦੂਰ ਤਕ ਲੰਮੀਆਂ ਉਡਾਰੀਆਂ ਲਾਉਂਦੀ ਹੈ ਪਰ ਪਿਛੋਂ ਛਡੇ ਹੋਏ ਬਚਿਆਂ ਨੂੰ ਆਪਣੇ ਹਿਰਦੇ ਵਿਚ ਸਦਾ ਹੀ ਸਮਾਲਦੀ ਹੈ ਅਤੇ ਸੰਭਾਲਦੀ ਹੈ, ਇਸੇ ਤਰ੍ਹਾਂ ਸਚਾ ਗੁਰੂ ਹਮੇਸ਼ਾਂ ਆਪਣੇ ਸਿਖ ਨੂੰ ਪ੍ਰੇਮ ਕਰਦਾ ਹੈ, ਵਾਹਗੁਰੂ ਵਾਹਗੁਰੂ ਸਿਮਰਨ ਦੀ ਪ੍ਰੀਤ ਲਗਾ, ਉਸਨੂੰ ਹਮੇਸ਼ਾਂ ਆਪਣੇ ਹਿਰਦੇ ਨਾਲ ਲਗਾ ਕੇ ਰਖ ਲੈਂਦਾ ਹੈ।੨।

ਜੈਸੇ ਕਾਤੀ ਤੀਸ ਬਤੀਸ ਹੈ ਵਿਚਿ ਰਾਖੈ ਰਸਨਾ ਮਾਸ ਰਤੁ ਕੇਰੀ ॥
ਕੋਈ ਜਾਣਹੁ ਮਾਸ ਕਾਤੀ ਕੈ ਕਿਛੁ ਹਾਥਿ ਹੈ ਸਭ ਵਸਗਤਿ ਹੈ ਹਰਿ ਕੇਰੀ ॥
ਤਿਉ ਸੰਤ ਜਨਾ ਕੀ ਨਰ ਨਿੰਦਾ ਕਰਹਿ ਹਰਿ ਰਾਖੈ ਪੈਜ ਜਨ ਕੇਰੀ ॥੩॥

ਜਿਵੇਂ 30–32 ਦੰਦਾਂ ਰੂਪੀ ਕੈਂਚੀ ਦੇ ਵਿਚਕਾਰ ਲਹੂ-ਮਾਸ ਦੀ ਬਣੀ ਹੋਈ ਜੀਭ ਨੂੰ ਪਰਮੇਸ਼ਰ ਬਚਾ ਕੇ ਰਖਦਾ ਹੈ। ਮਤਾਂ ਕੋਈ ਇਹ ਸਮਝ ਬੈਠੇ ਕਿ ਜੀਭ ਦਾ ਬਚਾਅ, ਉਨ੍ਹਾਂ, ਜੀਭ ਅਤੇ ਕੈਂਚੀ ਦੇ ਕੁਝ ਵਸ ਵਿਚ ਹੈ, ਇਹ, ਸਭ ਕੁਝ, ਕਰਤਾ ਹਰੀ ਦੇ ਵਸ ਵਿਚ ਹੈ। ਇਸੇ ਤਰ੍ਹਾਂ, ਬੇਸ਼ੱਕ ਲੋਕ ਸੰਤ ਜਨਾਂ ਦੀ ਨਿੰਦਾ ਪਏ ਕਰਣ, ਹਰੀ ਪਰਮਾਤਮਾ ਹਮੇਸ਼ਾਂ ਆਪਣੇ ਜਨ, ਭਾਵ, ਸੇਵਕ ਦੀ ਪੈਜ ਰਖਦਾ ਹੈ, ਜਿਵੇਂ ਸ੍ਰੀ ਗੁਰੂ ਰਾਮਦਾਸ ਸਾਹਿਬ ੪੫੧ ਪੰਨੇ ਤੇ ਸਪਸ਼ਟ ਫ਼ੁਰਮਾਣ ਕੀਤਾ ਹੈ – 'ਹਰਿ ਜੁਗੁ ਜੁਗੁ ਭਗਤ ਉਪਾਇਆ ਪੈਜ ਰਖਦਾ ਆਇਆ ਰਾਮ ਰਾਜੇ ।। ਹਰਨਾਖਸੁ ਦੁਸਟੁ ਹਰਿ ਮਾਰਿਆ ਪ੍ਰਹਲਾਦੁ ਤਰਾਇਆ।।'

# ਭਾਈ ਮਤ ਕੋਈ ਜਾਣਹੁ ਕਿਸੀ ਕੈ ਕਿਛੁ ਹਾਥਿ ਹੈ ਸਭ ਕਰੇ ਕਰਾਇਆ ॥

ਹੇ ਭਾਈ ! ਮਤਾਂ ਕੋਈ ਭੁਲ-ਭੁਲੇਖੇ ਵੀ ਇਹ ਸਮਝ ਲਓ ਕਿ ਕਿਸੇ ਦੇ ਕੁਝ ਹਥ ਵਿਚ ਹੈ, ਸਭ ਕੁਝ ਹਰੀ, ਪਰਮਾਤਮਾ ਦੇ ਹੀ ਹਥ ਹੈ, ਸਭ ਕੁਝ ਉਸਦੇ ਕੀਤਿਆਂ ਹੀ ਹੁੰਦਾ ਹੈ, ਜਿਵੇਂ ਕਿ ਭਗਤ ਨਾਮਦੇਵ ਜੀ ਵੀ ਸਪੱਸ਼ਟ ਤੌਰ ਤੇ ਸੁਲਤਾਨ ਨੂੰ ਕਹਿ ਦਿੰਦੇ ਹਨ – 'ਮੇਰਾ ਕੀਆ ਕਛੂ ਨ ਹੋਇ।। ਕਰਿ ਹੈ ਰਾਮੁ ਹੋਇ ਹੈ ਸੋਇ।।'

# ਜਰਾ ਮਰਾ ਤਾਪੁ ਸਿਰਤਿ ਸਾਪੁ ਸਭੁ ਹਰਿ ਕੈ ਵਸਿ ਹੈ ਕੋਈ ਲਾਗਿ ਨ ਸਕੈ ਬਿਨੁ ਹਰਿ ਕਾ ਲਾਇਆ ॥

ਬੁਢੇਪਾ, ਮੌਤ, ਬੁਖਾਰ, ਭਾਵ ਕੋਈ ਬੀਮਾਰੀ ਆਦਿ, ਸਿਰ ਦਰਦ, ਅਤੇ ਸੱਪ ਆਦਿ ਮੁਸੀਬਤਾਂ ਸਭ ਕੁਝ ਹਰੀ ਕਰਤੇ ਦੇ ਵਸ ਵਿਚ ਹਨ ਅਤੇ ਹਰੀ ਦੇ ਲਗਾਏ ਬਿਨਾਂ ਕਿਸੇ ਨੂੰ ਨਹੀਂ ਲੱਗ ਸਕਦੀਆਂ। ਕਿਉਂਕਿ ੫੫ ਪੰਨੇ ਤੇ ਸ੍ਰੀ ਗੁਰੂ ਨਾਨਕ ਸਾਹਿਬ ਸਪੱਸ਼ਟ ਫੁਰਮਾਣ ਕਰਦੇ ਹਨ ਕਿ ਉਹੀ ਕੁਝ ਹੁੰਦਾ ਹੈ ਜੋ ਪ੍ਰਭੂ ਨੂੰ ਭਾਉਂਦਾ ਹੈ, ਕਿਸੇ ਵੀ ਜੀਵ ਦੇ ਕੁਝ ਵੀ ਵਸ ਵਿਚ ਨਹੀਂ ਹੈ – 'ਨਾਨਕ ਜੋ ਤਿਸੁ ਭਾਵੈ ਸੋ ਥੀਐ ਇਨਾ ਜੰਤਾ ਵਸਿ ਕਿਛੁ ਨਾਹਿ।।'

**(ਅਜ ਦੇ ਫ਼ੈਲੇ ਬਿਮਾਰੀ ਤੇ ਮੌਤ ਦੇ ਫ਼ੈਲੇ ਤੌਖ਼ਲੇ ਤੇ ਇਹ ਗੁਰ ਵਾਕ ਸਹੀ ਬੈਠਦਾ ਹੈ ਤੇ ਸਾਨੂੰ ਵਾਹਗੁਰੂ ਵਾਹਗੁਰੂ ਦੇ ਸਿਮਰਨ ਦਾ**

ਸਹਾਰਾ ਲੈਣਾ ਚਾਹੀਦਾ ਹੈ।)

ਐਸਾ ਹਰਿ ਨਾਮੁ ਮਨਿ ਚਿਤਿ ਨਿਤਿ ਧਿਆਵਹੁ ਜਨ ਨਾਨਕ ਜੋ ਅੰਤੀ ਅਉਸਰਿ ਲਏ ਛਡਾਇਆ ॥੪॥੭॥੧੩॥੫੧॥

ਵਾਹਿਗੁਰੂ ਦੇ ਦਾਸ, ਚੌਥੇ ਨਾਨਕ, ਅਜਿਹੇ ਹਰੀ ਦਾ ਨਾਮ ਆਪਣੇ ਮਨ, ਚਿਤ ਵਿਚ ਰੋਜ਼ ਸਿਮਰਨ ਕਰਨ ਦਾ ਉਪਦੇਸ ਕਰਦੇ ਹਨ ਜਿਹੜਾ ਹਰੀ ਪ੍ਰਭੂ, ਅੰਤ ਦੇ ਮੌਕੇ ਤਕ ਤੇ ਅੰਤਲੇ ਮੌਕੇ ਵੀ ਸਾਨੂੰ ਛਡਾਅ ਲੈਂਦਾ ਹੈ। ੪।੭।੧੩

Last modified: 1:19 pm